# ਦਫਤਰ ਨਗਰ ਪੰਚਾਇਤ ਖਮਾਣੋਂ (ਜਿਲ੍ਹਾ-ਫਤਹਿਗੜ੍ਹ ਸਾਹਿਬ)

## ਪਬਲਿਕ ਨੋਟਿਸ

ਨਗਰ ਪੰਚਾਇਤ ਖਮਾਣੋਂ ਵਲੋਂ ਸਰਕਾਰ ਵਲੋਂ ਕੰਟਰੈਕਟ ਤੇ ਭਰਤੀ ਕਰਨ ਲਈ ਪ੍ਰਵਾਨਤ ਅਸਾਮੀਆਂ ਵਿਰੁੱਧ ਕਿਰਤ ਵਿਭਾਗ ਪੰਜਾਬ ਵਲੋਂ ਸਮੇਂ-ਸਮੇਂ ਨਿਰਧਾਰਿਤ ਲੇਬਰ ਰੇਟ (ਡੀ.ਸੀ. ਰੇਟ) ਦੀ ਅਦਾਇਗੀ ਤੇ ਠੇਕਾ ਆਧਾਰ ਤੇ 29 ਸਫਾਈ ਸੇਵਕਾਂ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਲ਼ਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 06-10-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ-ਪੱਤਰਾ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ।ਸਫਾਈ ਕਰਮਚਾਰੀਆਂ ਦੀ ਭਰਤੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ।ਚਾਹਵਾਨ ਉਮੀਦਵਾਰ ਮਿਤੀ 06-10-2021 ਤੱਕ ਰਜਿਸਟਰਡ ਡਾਕ ਰਾਂਹੀ ਜਾਂ ਦਸਤੀ ਤੌਰ ਤੇ ਬਿਨੈ-ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਪੰਚਾਇਤ ਖਮਾਣੋਂ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋ ਬਾਅਦ ਪ੍ਰਾਪਤ ਹੋਏ ਬਿਨੈ-ਪੱਤਰਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਚਾਹਵਾਨ ਉਮੀਦਵਾਰ ਵਲੋਂ ਬਿਨੈ-ਪੱਤਰ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਹੇ ਹੋਣ ਸਬੰਧੀ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤੀ ਜਾਵੇ।

| ਅਸਾਮੀ ਦਾ ਨਾਮ | ਅਸਾਮੀਆਂ ਦੀ ਗਿਣਤੀ | ਤਨਖਾਹ ਸਕੇਲ | ਵਿੱਦਿਅਕ ਯੋਗਤਾ | ਉਮਰ (ਮਿਤੀ 01-01-2021) |
|---|---|---|---|---|
| ਸਫਾਈ ਸੇਵਕ | 29 | ਕਿਰਤ ਵਿਭਾਗ ਪੰਜਾਬ ਵਲੋਂ ਸਮੇਂ-ਸਮੇਂ ਨਿਰਧਾਰਿਤ ਲੇਬਰ ਰੇਟ (ਡੀ.ਸੀ. ਰੇਟ) | ਉਮੀਦਾਵਾਰ ਨੂੰ ਪੜ੍ਹਨ ਲਿਖਣ ਦੀ ਜਾਣਕਾਰੀ ਹੋਣਾ (literate) | ਉਮਰ 18 ਤੋਂ 37 ਸਾਲ ਤੱਕ |

**ਨੋਟ:-**

1) ਚਾਹਵਾਨ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਮਰ ਵਿਚ ਬਣਦੀ ਛੋਟ ਦਿੱਤੀ ਜਾਵੇਗੀ।
2) ਸਰਕਾਰ ਦੀ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਦੀਆਂ ਨਿਯੁਕਤੀਆ ਲਈ ਸਥਾਨਕ ਸਰਕਾਰ ਵਿਭਾਗ ਵਿੱਚ ਘੱਟ ਤੋਂ ਘੱਟ 3 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ (length of experience) ਦੇ ਆਧਾਰ ਤੇ weight age ਦਿੱਤੀ ਜਾਵੇ।
3) ਉਮੀਦਵਾਰ ਸਰੀਰਕ ਤੌਰ ਤੇ ਹਰ ਤਰ੍ਹਾਂ ਤੰਦਰੁਸਤ ਹੋਣਾ ਚਾਹੀਦਾ ਹੈ।
4) ਨਗਰ ਪੰਚਾਇਤ ਖਮਾਣੋਂ ਵਲੋਂ ਨਿਯੁਕਤੀ ਕੀਤੇ ਜਾ ਰਹੇ ਸਫਾਈ ਸੇਵਕ ਤੋਂ ਸਫਾਈ ਦੇ ਕੰਮ, ਨਾਲੇ-ਨਾਲੀਆਂ ਦੀ ਸਫਾਈ, ਘਰਾਂ ਵਿਚੋਂ ਗਿੱਲਾ ਤੇ ਸੁੱਕਾ ਕੂੜਾ ਅਲੱਗ-ਅਲੱਗ ਚੱਕਣ ਦੇ ਕੰਮ ਅਤੇ ਮਾਲੀ/ਬੇਲਦਾਰ/ਕੁਲੀ ਦਾ ਕੰਮ ਲਿਆ ਜਾ ਸਕਦਾ ਹੈ।
5) ਭਰਤੀ ਸਰਕਾਰ ਦੀਆਂ ਰਾਖਵਾਂਕਰਨ ਸਬੰਧੀ ਹਦਾਇਤਾ (ਰੋਸਟਰ) ਅਨੁਸਾਰ ਹੋਵੇਗੀ।ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ।
6) ਸਰਕਾਰ ਦੀਆਂ ਹਦਾਇਤਾਂ/ਪ੍ਰਸ਼ਾਸਕੀ ਕਾਰਨਾਂ ਕਰਕੇ ਅਸਾਮੀਆਂ ਦੀ ਗਿਣਤੀ ਵਧਾਈ/ਘਟਾਈ ਜਾ ਸਕਦੀ ਹੈ। ਇਸ ਸਬੰਧੀ ਸੂਚਨਾ ਵੈਬਸਾਈਟ ਤੇ ਅਪਲੋਡ ਕੀਤੀ ਜਾਵੇਗੀ।
7) ਉਮੀਦਵਾਰ ਕਾਉਸਲਿੰਗ/ਇੰਟਰਵਿਊ ਸਮੇਂ ਲੌੜੀਦੀ ਵਿੱਦਿਅਕ ਯੋਗਤਾ, ਤਜਰਬੇ ਸਬੰਧੀ ਅਤੇ ਰਾਖਵਾਂਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕ ਸੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾ ਦੇ ਹੋਣੇ ਚਾਹੀਦੇ ਹਨ। ਕਾਉਸਲਿੰਗ/ਇੰਟਰਵਿਊ ਵਿੱਚ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ/ਡੀ.ਏ ਅਦਾ ਨਹੀ ਕੀਤਾ ਜਾਵੇਗਾ।
8) ਜੇਕਰ ਉਮੀਦਵਾਰ ਪਹਿਲਾਂ ਹੀ ਨਗਰ ਪੰਚਇਤ ਖਮਾਣੋਂ ਵਿੱਚ ਕੰਮ ਕਰ ਰਿਹਾ/ਰਹੀ ਹੈ ਤਾਂ ਉਸਦੀ ਯੋਗਤਾ ਜਿਸ ਮਿਤੀ ਤੋਂ ਕੰਮ ਕਰ ਰਿਹਾ/ ਰਹੀ ਹੈ, ਉਸ ਮਿਤੀ ਤੋਂ ਮਿੱਥੀ ਜਾਵੇਗੀ।

# ਨਗਰ ਪੰਚਾਇਤ ਖਮਾਣੋਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ

ਸਵੈ-ਤਸਦੀਕ ਫੋਟੋ ਚਿਪਕਾਈ ਜਾਵੇ।

## ਕੰਨਟਰੈਕਟ ਬੇਸ ਤੇ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਲਈ ਬਿਨੈ-ਪੱਤਰ

ਅਸਾਮੀ ਦਾ ਨਾਮ - ...............

| | | |
|---|---|---|
| 1) | ਉਮੀਦਵਾਰ ਦਾ ਨਾਮ | |
| 2) | ਪਿਤਾ/ਪਤੀ ਦਾ ਨਾਮ | |
| 3) | ਜਨਮ ਮਿਤੀ (ਸਬੂਤ ਨਾਲ ਨੱਥੀ) | |
| 4) | ਉਮਰ (ਮਿਤੀ 01.01.2021 ਨੂੰ ਉਮਰ, ਸਬੂਤ ਨੱਥੀ ਕਰੋ, ਅਨਪੜ ਹੋਣ ਦੀ ਸੂਰਤ ਵਿੱਚ ਜਨਮ ਮਿਤੀ ਹਲਫੀਆਂ ਬਿਆਨ ਨੱਥੀ ਕਰੋ) | |
| 5) | ਜਨਮ ਦਾ ਸਥਾਨ (ਜਿਲ੍ਹਾ ਅਤੇ ਰਾਜ) | |
| 6) | ਘਰ ਦਾ ਪੱਕਾ ਪਤਾ | |
| 7) | ਪੱਤਰ ਵਿਹਾਰ ਲਈ ਪਤਾ | |
| 8) | ਟੈਲੀਫੋਨ ਨੰਬਰ/ਮੋਬਾਇਲ ਨੰਬਰ | |
| 9) | ਕੈਟਾਗਿਰੀ | |
| 10) | ਕੌਮੀਅਤ | |

11) ਵਿੱਦਿਅਕ ਯੋਗਤਾ (ਵਿੱਦਿਅਕ ਯੋਗਤਾ ਸਬੰਧੀ ਸਰਟੀਫਿਕੇਟ ਦੀ ਸਵੈ-ਤਸਦੀਕ ਕਾਪੀ ਨੱਥੀ ਕਰੋ)

| ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ (%) |
|---|---|---|---|---|---|
| | | | | | |
| | | | | | |
| | | | | | |

12) ਕੀ ਪੰਜਾਬੀ ਪੜ੍ਹ ਸਕਦਾ ਹੈ? ( ) ਹਾਂ ਜਾਂ ਨਹੀਂ

13) ਕੀ ਪੰਜਾਬੀ ਲਿਖ ਸਕਦਾ ਹੈ? ( ) ਹਾਂ ਜਾਂ ਨਹੀਂ

14) ੳ) ਤਜ਼ਰਬਾ (ਕਦੋਂ ਤੋਂ ਕਦੋਂ ਤੱਕ) ਸੰਸਥਾ ਦਾ ਨਾਂ-

(ਨੋਟ ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁੱਖੀ ਵਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ)

ਅ) ਈ.ਐਫ.ਪੀ. ਨੰਬਰ (ਜੇਕਰ ਹੈ ਤਾਂ)

ੲ) ਸੈਲਰੀ ਅਕਾਉਂਟ ਨੰਬਰ (ਬੈਂਕ ਡਿਟੇਲ)

### ਸਵੈਂ-ਘੋਸ਼ਣਾ

ਮੈਂ ........................... ਪੁੱਤਰ/ਪੱਤਰੀ ਸ੍ਰੀ ................................ ਉਮਰ ................... ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ ਠੀਕ ਅਤੇ ਸਹੀ ਹਨ। ਇਨ੍ਹਾਂ ਵਿਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵਲੋਂ ਦਿੱਤੀ ਗਈ ਸੂਚਨਾਂ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਮੇਰੀ ਉਮੀਦਵਾਰੀ ਰੱਦ ਕਰਨ ਯੋਗ ਹੋਵੇਗੀ ਅਤੇ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ ਹੋਵੇਗੀ।

ਮਿਤੀ-

ਸਥਾਨ - ਉਮੀਦਵਾਰ ਦੇ ਹਸਤਾਖਰ

ਨੱਥੀ ਦਸਤਾਵੇਜ- 1.

2.

3.